ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਐਸ.ਸੀ.ਓ. ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ)
ਸਮੂਹ ਸਕੂਲ ਮੁੱਖੀ (ਵੈਬ ਸਾਇਟ ਰਾਹੀਂ)
ਪੰਜਾਬ ।

ਮੀਮੋ ਨੰ: ਸਸਅ/ਐਮ.ਸੀ/2012/ 81838-842
ਮਿਤੀ,ਚੰਡੀਗੜ੍ਹ 06-07-2012

**ਵਿਸ਼ਾ:- ਚੌਥੀ, ਪੰਜਵੀਂ ਅਤੇ ਛੇਵੀਂ ਜਮਾਤ ਦੇ ਵਿਦਿਆਰਥੀਆਂ ਲਈ ਊਰਜਾ ਸੁਰਿੱਖਅਣ 2012 ਪੇਟਿੰਗ ਮੁਕਾਬਲੇ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਦੀ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਕਿ ਭਾਰਤ ਸਰਕਾਰ ਦੇ ਊਰਜਾ ਮੰਤਰਾਲਾ ਵਲੋਂ ਅਤੇ Bureau of Energy Efficiency (BEE) ਵਲੋਂ ਚੌਥੀ, ਪੰਜਵੀਂ ਅਤੇ ਛੇਵੀਂ ਦੇ ਵਿਦਿਆਰਥੀਆਂ ਲਈ ਊਰਜਾ ਸੁਰਿੱਖਅਣ ਪ੍ਰਤੀ ਵਿਦਿਆਰਥੀਆਂ ਨੂੰ ਬਚਪਨ ਵਿੱਚ ਹੀ ਜਾਗਰੂਕ ਕਰਨ ਲਈ ਪੇਟਿੰਗ ਮੁਕਾਬਲਾ ਕਰਵਾਇਆ ਜਾ ਰਿਹਾ ਹੈ।

3.0 <u>**ਮੁਕਾਬਲੇ ਦਾ ਪੱਧਰ**</u> – ਇਹ ਮੁਕਾਬਲਾ ਮੁੱਖ ਤੌਰ ਤੇ ਹੇਠ ਲਿਖੇ ਤਿੰਨ ਪੱਧਰਾਂ ਤੇ ਕਰਵਾਇਆ ਜਾਵੇਗਾ:

1) ਸਕੂਲ ਪੱਧਰ
2) ਰਾਜ ਪੱਧਰ
3) ਕੌਮੀ ਪੱਧਰ

4.0 ਰਾਜ ਪੱਧਰ ਅਤੇ ਕੌਮੀ ਪੱਧਰ ਦੇ ਜੇਤੂ ਵਿਦਿਆਰਥੀਆਂ ਦੇ ਇਨਾਮ ਦੀ ਵੰਡ ਅਤੇ ਦਿੱਤੀ ਜਾਣ ਵਾਲੀ ਰਾਸ਼ੀ ਅਤੇ ਮੁਕਾਬਲੇ ਦੀ ਮਿਤੀ ਇਸ ਪ੍ਰਕਾਰ ਹੋਵੇਗੀ:

| ਪੱਧਰ | ਮੁਕਾਬਲੇ ਦੀ ਮਿਤੀ | ਪਹਿਲਾ ਇਨਾਮ | ਦੂਜਾ ਇਨਾਮ | ਤੀਜਾ ਇਨਾਮ | ਕੰਸੋਲੇਸ਼ਨ |
|---|---|---|---|---|---|
| ਰਾਜ ਪੱਧਰ | 09-11-2012 (ਊਰਜਾ ਸੁਰਿੱਖਅਣ ਦਿਵਸ) | Rs. 10,000/- | Rs. 8,000/- | Rs. 5,000/- | Rs. 1,000/- ਦੇ 10 ਇਨਾਮ |
| ਕੌਮੀ ਪੱਧਰ | 14-12-2012 (ਊਰਜਾ ਸੁਰਿੱਖਅਣ ਦਿਵਸ) | Rs. 1,00,000/- | Rs. 50,000/- ਦੇ ਚਾਰ ਇਨਾਮ | Rs. 25,000/- ਦੇ ਅੱਠ ਇਨਾਮ | Rs. 10,000/- ਦੇ ਦਸ ਇਨਾਮ Rs. 10,000/- ਦੇ ਦਸ BEE Prize |

5.0 <u>**ਸਕੂਲ ਪੱਧਰ ਤੇ ਸੰਚਾਲਨ**</u>

**5.1** <u>**ਪ੍ਰਾਇਮਰੀ ਪੱਧਰ ਤੇ**</u> :- ਪ੍ਰਾਇਮਰੀ ਸਕੂਲਾਂ, ਪ੍ਰਾਈਵੇਟ ਅਤੇ ਸਰਕਾਰੀ ਸਕੂਲ ਵਿੱਚ ਪੜ੍ਹਦੇ ਸਾਰੇ ਚੌਥੀ ਅਤੇ ਪੰਜਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੂੰ ਲਾਜਮੀ ਤੌਰ ਤੇ ਪੇਟਿੰਗ ਮੁਕਾਬਲੇ ਵਿੱਚ ਭਾਗ ਦਿਵਾਇਆ ਜਾਵੇ।

5.2 **<u>ਅੱਪਰ ਪ੍ਰਾਇਮਰੀ ਪੱਧਰ ਤੇ</u>** :- ਸਰਕਾਰੀ ਅਤੇ ਪ੍ਰਾਈਵੇਟ ਸਕੂਲ ਵਿੱਚ ਛੇਵੀਂ ਜਮਾਤ ਦੇ ਪੜ੍ਹਦੇ ਸਾਰੇ ਵਿਦਿਆਰਥੀਆਂ ਨੂੰ ਲਾਜਮੀ ਤੌਰ ਤੇ ਪੇਂਟਿੰਗ ਮੁਕਾਬਲੇ ਵਿੱਚ ਭਾਗ ਦਿਵਾਇਆ ਜਾਵੇ।

6.0 ਪੇਂਟਿੰਗ ਮੁਕਾਬਲੇ ਦਾ competition ਹੇਠ ਲਿਖਿਆ ਟਾਪਿਕ ਵਿੱਚ ਕੋਈ ਵੀ ਹੋ ਸਕਦਾ ਹੈ:

1) ਊਰਜਾ ਬਚਾਓ, ਉੱਨਤੀ ਲਿਆਉ
2) Do the Nation a favour, be energy saver
3) ਹਵਾ, ਪਾਣੀ, ਸੂਰਜ : ਊਰਜਾ ਦੇ ਅਮੁੱਕ ਸਰੋਤ

7.0 **<u>ਵਿਦਿਆਰਥੀਆਂ ਲਈ ਲੋੜੀਂਦੀ ਸਮੱਗਰੀ</u>**

ਚੌਥੀ, ਪੰਜਵੀਂ ਅਤੇ ਛੇਵੀਂ ਜਮਾਤ ਦੇ ਵਿਦਿਆਰਥੀ ਪੇਂਟਿੰਗ ਮੁਕਾਬਲੇ ਵਾਲੇ ਦਿਨ

1) A4 size (8.3 x 11.7 inches) (210 x 297mm) ਦੇ ਡਰਾਇੰਗ ਸ਼ੀਟ ਲਿਆਉਣਗੇ।
2) ਪੇਂਟਿੰਗ ਮਟੀਰੀਅਲ ਜਿਵੇਂ: ਪੈਨਸਿਲ, ਪੈਨਸਿਲ ਰੰਗ, Crayons, Water Colors ਅਤੇ ਡਰਾਇੰਗ ਬੋਰਡ ਲਿਆਉਣਗੇ।

8.0 **<u>ਪੇਂਟਿੰਗ ਮੁਕਾਬਲੇ ਦਾ ਸਮਾਂ</u>**:- ਸਕੂਲ ਪੱਧਰ ਸਕੂਲ ਮੁੱਖੀ ਆਪਣੇ ਪੱਧਰ ਤੇ ਸਮਾਂ ਮੁਕੱਰਰ ਕਰਕੇ 21 ਜੁਲਾਈ, 2012 ਨੂੰ ਦੋ ਘੰਟੇ ਦਾ ਸਮਾਂ ਦੇ ਕੇ ਕਰਵਾਏਗਾ। (ਵਿਦਿਆਰਥੀ ਨੂੰ ਕੋਈ Collage/Patchwork ਦੀ ਵਰਤੋਂ ਦੀ ਮਨਾਹੀ ਹੈ।)

9.0 **<u>ਰਾਜ ਪੱਧਰ ਤੇ Nominations ਜਾਂ ਨਾਂ ਭੇਜਣ ਬਾਰੇ</u>**:- ਸਕੂਲ ਪੱਧਰ ਮੁਕਾਬਲੇ ਦੇ ਮੁਲਾਂਕਣ ਕਰਨ ਉਪਰੰਤ ਸਕੂਲ ਮੁੱਖੀ ਉਸੇ ਦਿਨ ਹੀ ਹੇਠ ਲਿਖੀ ਸੂਚਨਾਂ ਲਾਜਮੀ ਤੌਰ ਤੇ ਹੇਠ ਲਿਖੇ ਪਤੇ ਤੇ ਭੇਜਣਗੇ ਅਤੇ ਇਸ ਦੀ ਸੂਚਨਾ/ਉਤਾਰਾ ਸਬੰਧਤ DEO (EE, SE) ਨੂੰ ਵੀ ਭੇਜਣਗੇ।

**<u>ਅਤਿ ਜਰੂਰੀ:</u>** 9.1 **ਸਕੂਲ ਵਿੱਚ ਜਮਾਤ ਵਾਈਜ ਕਿੰਨੇ ਵਿਦਿਆਰਥੀਆਂ ਨੇ ਭਾਗ ਲਿਆ, ਇਸ ਦੀ ਸੂਚਨਾ ਤੁਰੰਤ ਮੁਕਾਬਲੇ ਤੋਂ ਬਾਅਦ ਪੱਤਰ ਨਾਲ ਨੱਥੀ ਪ੍ਰੋਫਾਰਮਾ ਅਨੁਲੱਗ 'ਬੀ' ਵਿੱਚ ਹੇਠ ਲਿਖੇ ਲੜੀ ਨੰ. 2 ਵਿੱਚ ਦਿੱਤੇ ਪਤੇ ਤੇ ਭੇਜੀ ਜਾਵੇ ਅਤੇ ਇਸ ਦਾ ਉਤਾਰਾ ਸਬੰਧਤ DEO(SE), (EE) ਨੂੰ ਭੇਜਿਆ ਜਾਵੇ।**

9.2 ਚੌਥੀ, ਪੰਜਵੀਂ ਜਮਾਤ ਵਿੱਚੋਂ ਸਭ ਤੋਂ ਉੱਤਮ ਦੋ ਪੇਂਟਿੰਗਜ਼ ਮਿਤੀ: 27 ਜੁਲਾਈ, 2012 ਤੱਕ ਅਤੇ ਇਸੇ ਤਰ੍ਹਾਂ ਛੇਵੀਂ ਜਮਾਤ ਵਿੱਚੋਂ ਦੋ ਵਿਦਿਆਰਥੀਆਂ ਦੀਆਂ ਉੱਤਮ ਪੇਂਟਿੰਗਜ਼ ਸਿੱਧੇ ਤੌਰ ਤੇ ਹੇਠ ਲਿਖੇ ਪਤੇ ਤੇ ਭੇਜਣਗੇ:

**Er. Bhupinder Singh Nagpal,**
**Director/Consultancy-cum-Nodal Officer,**
**Bhakra Beas Management Board, Plot No. 6-B, Sector-19B,**
**Madhya Marg, Chandigarh – 160019.**
**Tel : 0172-5078842, Cell:094176-05627,**
**Fax: 0172-2549857**
**Email:cons@bbmb.nic.in; bbmbcons@hotmail.com**

ਜਰੂਰੀ ਨੋਟ:- ਭੇਜੀ ਜਾਣ ਵਾਲੀ ਪੇਂਟਿੰਗ ਦੇ ਪਿਛਲੇ ਪਾਸੇ ਹੇਠ ਲਿਖੀਆਂ ਸੂਚਨਾਵਾਂ ਜਰੂਰ ਲਿਖੀਆਂ ਜਾਣ:

| | |
|---|---|
| Name of the student | Father's/Mother's Name |
| Tel/Mobile No. of Parents | E-mail ID of student (if any) |
| Standard | Roll No. |
| School name and Address | School Tel. No. (if available) |
| State/UT | Signature of School Principal |

10.0 ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਕੂਲ ਮੁੱਖੀ ਅਤੇ Director General – Bureau of Energy Efficiency, Ministry of Power (Governemnt of India) ਵਲੋਂ

ਸਰਟੀਫਿਕੇਟ ਦਿੱਤਾ ਜਾਵੇਗਾ ਅਤੇ ਪਹਿਲੇ ਦੋ ਉੱਤਮ ਪੇਟਿੰਗ ਵਾਲੇ ਵਿਦਿਆਰਥੀਆਂ ਨੂੰ ਮੈਰਿਟ ਸਰਟੀਫਿਕੇਟ ਵੀ ਦਿੱਤਾ ਜਾਵੇਗਾ।

11.0 **ਸਕੂਲ ਨੂੰ ਪ੍ਰਸ਼ੰਸਾ ਪੱਤਰ**:- ਜਿਨ੍ਹਾਂ ਸਕੂਲਾਂ ਵਿੱਚ 100% ਵਿਦਿਆਰਥੀ ਉਕਤ ਪੇਟਿੰਗ ਮੁਕਾਬਲੇ ਵਿੱਚ ਹਿੱਸਾ ਲੈਣਗੇ, ਉਹਨਾਂ ਦੇ ਨਾਮ ਉਚੇਚੇ ਤੌਰ ਤੇ BEE ਵਲੋਂ ਤਿਆਰ ਕੀਤੇ ਜਾਣ ਵਾਲੀ Painting Competition Booklet ਵਿੱਚ ਦਰਜ ਕੀਤੇ ਜਾਣਗੇ।

12.0 **ਰਾਜ ਪੱਧਰੀ ਪੇਟਿੰਗ ਮੁਕਾਬਲਾ**:- ਸਕੂਲ ਪੱਧਰ ਤੇ ਭੇਜੀਆ ਗਈਆਂ ਪੇਟਿੰਗਜ਼ ਵਿੱਚੋਂ ਉੱਚ ਪੱਧਰ ਕਮੇਟੀ ਵਲੋਂ 50 ਉੱਤਮ ਪੇਟਿੰਗਜ਼ ਦੀ ਚੋਣ ਕੀਤੀ ਜਾਵੇਗੀ ਅਤੇ ਚੁਣੀਆਂ ਗਈਆਂ 50 ਉੱਤਮ ਪੇਟਿੰਗਜ਼ ਵਾਲੇ ਵਿਦਿਆਰਥੀਆਂ ਦਾ 09 ਨਵੰਬਰ, 2012 ਨੂੰ ਕਿਸੇ ਵਿਸ਼ੇਸ਼ ਥਾਂ ਤੇ ਦੋ ਘੰਟਿਆਂ ਦਾ ਪੇਟਿੰਗ ਮੁਕਾਬਲਾ ਕਰਵਾਇਆ ਜਾਵੇਗਾ ਅਤੇ ਮੁਕਾਬਲੇ ਵਾਲੇ ਦਿਨ ਚੁਣੇ ਹੋਏ ਵਿਦਿਆਰਥੀਆਂ ਨੂੰ 1000 ਰੁਪਏ ਪ੍ਰਤੀ ਵਿਦਿਆਰਥੀ ਦਿੱਤਾ ਜਾਵੇਗਾ। ਇਸ ਦੇ ਇਲਾਵਾ ਵਿਦਿਆਰਥੀ ਨਾਲ ਆਉਣ ਵਾਲੇ ਦੋ (ਮਾਪੇ ਜਾਂ ਅਧਿਆਪਕ ਨੂੰ) ਆਉਣ ਜਾਣ ਦਾ ਬੱਸ ਕਿਰਾਇਆ ਵੀ ਦਿੱਤਾ ਜਾਵੇਗਾ ਅਤੇ ਉਸ ਦਿਨ ਇਨਾਮ ਵੰਡ ਸਮਾਰੋਹ ਵਿੱਚ ਨਗਦ ਇਨਾਮ ਦਿੱਤੇ ਜਾਣਗੇ।

13.0 **ਰਾਜ ਪੱਧਰ ਪੇਟਿੰਗ ਮੁਕਾਬਲੇ** :- ਰਾਜ ਪੱਧਰ ਤੇ ਪਹਿਲੇ, ਦੂਜੇ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ 12 ਦਸੰਬਰ, 2012 ਨੂੰ ਦਿੱਲੀ ਵਿਖੇ ਮੌਕੇ ਤੇ ਪੇਟਿੰਗ ਮੁਕਾਬਲੇ ਲਈ ਬੁਲਾਇਆ ਜਾਵੇ। ਵਿਦਿਆਰਥੀਆਂ ਨਾਲ ਆਉਣ ਵਾਲੇ ਦੋ (ਮਾਪੇ ਜਾਂ ਅਧਿਆਪਕ) ਨੂੰ ਆਉਣ ਜਾਣ ਦੇ ਖਰਚੇ ਤੋਂ ਇਲਾਵਾ 1000 ਰੁਪਏ ਵਾਧੂ ਮਾਨਭੱਤਾ ਵੀ ਦਿੱਤਾ ਜਾਵੇਗਾ ਅਤੇ ਪੇਟਿੰਗ ਮੁਕਾਬਲੇ ਵਾਲੇ ਦਿਨ ਹੀ ਕੌਮੀ ਪੱਧਰ ਨਗਦ ਇਨਾਮ ਦਿੱਤੇ ਜਾਣਗੇ।

14.0 ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਪਿਠ ਅੰਕਣ ਨੰ: ਉਕਤ** **ਮਿਤੀ:**

**ਉਤਾਰਾ**: 1) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ। (ਵੈਬਸਾਈਟ ਰਾਹੀਂ)

2) ਸਮੂਹ ਸਕੂਲ ਮੁਖੀ, ਪੰਜਾਬ। (ਵੈਬਸਾਈਟ ਰਾਹੀਂ)

3) ਡਾਇਰੈਕਟਰ/ਪੀ.ਐਂਡ ਡੀ, ਬਿਊਰੋ ਆਫ ਐਨਰਜੀ ਐਫੀਸੀਏਂਸੀ, ਭਾਖੜਾ ਬਿਆਸ ਮੈਨੇਜ਼ਮੈਂਟ ਬੋਰਡ, ਪਲਾਟ ਨੰ. 6 ਬੀ, ਸੈਕਟਰ 19 ਬੀ, ਮੱਧਿਆ ਮਾਰਗ, ਚੰਡੀਗੜ੍ਹ।

**ਸਹੀ/-**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**